ਸੁਚੱਜੀ ਤੇ ਸੁਖਾਵੀਂ ਜ਼ਿੰਦਗੀ

ਸੋਹਨ ਸਿੰਘ ਐਮ. ਏ. (ਲੰਡਨ)

ਪੋ: ਪ੍ਰੀਤਮ ਸਿੰਘ ਐਮ. ਏ.

SARDAR DYAL SINGH LIBRARY LAHORE

ਲਾਹੌਰ ਬੁਕ ਸ਼ਾਪ

ਲਾਹੌਰ

170
4
875
30816

ਤਤਕਰਾ

੧.	ਪ੍ਰੇਮ ਦਾ ਸੁਚੱਜ	੧
੨.	ਵਿਵਾਹ ਦਾ ਸੁਚੱਜ	੨੫
੩.	ਪਰਵਾਰਿਕ ਜੀਵਨ ਦਾ ਸੁਚੱਜ	੫੧
੪.	ਮਿਤ੍ਰਤਾ ਦਾ ਸੁਚੱਜ	੭੨
੫.	ਸੋਚਨ ਦਾ ਸੁਚੱਜ	੯੨
੬.	ਕੰਮ ਦਾ ਸੁਚੱਜ	੧੧੯
੭.	ਆਗੂ ਪਣ ਦਾ ਸੁਚੱਜ	੧੪੯
੮.	ਬਿਰਧ ਹੋਣ ਦਾ ਸੁਚੱਜ	੧੭੬
੯.	ਸੁਖ ਦਾ ਸੁਚੱਜ	੨੦੫

ਪ੍ਰਿੰਟਰ–ਭਾਈ ਨਰੈਣ ਸਿੰਘ ਗਿਆਨੀ
ਧਰਮ ਪ੍ਰਚਾਰਕ ਪ੍ਰੈਸ, ਚੰਗੜ ਮੱਲਾ (ਅਨਾਰਕਲੀ) ਲਾਹੌਰ
ਪ੍ਰਕਾਸ਼ਕ–ਸ: ਜੀਉਣ ਸਿੰਘ ਐਮ. ਏ.
ਲਾਹੌਰ ਬੁਕ ਸ਼ਾਪ, ਨਿਸਬਤ ਰੋਡ ਲਾਹੌਰ

ਜੀਵਨ ਦਾ ਸੁਚੱਜ

੧.

ਪ੍ਰੇਮ ਦਾ ਸੁਚੱਜ

ਪਿਆਰ ਕਰਨ ਦਾ ਕੋਈ ਸੁਚੱਜ ਹੈ ਜਾਂ ਇਹ ਇਕ ਪਸ਼ੂ-ਕਰਮ ਹੀ ਹੈ ? ਏਸਦਾ ਉਤਰ ਦੇਣ ਤੋਂ ਪਹਿਲੋਂ ਇਹ ਪਤਾ ਕਰਨਾ ਚਾਹੀਦਾ ਹੈ ਕਿ ਸੁਚੱਜ ਕਿਸਨੂੰ ਕਹਿੰਦੇ ਹਨ ? ਏਕਨ ਮਨੁਖ ਤੇ ਕੁਦਰਤ ਦੇ ਹੋਰ ਨੂੰ ਹੀ ਸੁਚੱਜ ਦਸਦਾ ਹੈ, ਤੇ ਕੁਝ ਸਰਲ ਉਦਾਹਰਣਾਂ ਤੋਂ ਸੁਖਾਲੇ ਹੀ ਪਤਾ ਲਗ ਜਾਂਦਾ ਹੈ ਕਿ ਇਹ ਬਹੁਤ ਸੋਹਣਾ ਦਸਿਆ ਹੈ। ਕੁਦਰਤ ਚਿਤ੍ਰਕਾਰ ਨੂੰ ਤਸਵੀਰ ਵਾਸਤੇ ਮੋਟੀਆਂ ਮੋਟੀਆਂ ਚੀਜ਼ਾਂ ਹੀ ਦਿੰਦੀ ਹੈ: ਰੁਖ, ਫੁਲ, ਸਮੁੰਦਰ, ਜੀਉਂਦੀਆਂ ਸ਼ਕਲਾਂ, ਚਾਨਣ; ਤੇ ਚਿਤ੍ਰਕਾਰ ਇਨ੍ਹਾਂ ਨੂੰ ਏਸ ਸਰਲਤਾ ਦੇ ਨਾਲ ਨਿਭਾਉਂਦਾ ਹੈ ਕਿ ਮਨੁਖਾਂ ਦੇ ਮਨ ਪਰਸੰਨ ਹੋਣ। ਕੁਦਰਤ ਇਕ ਨਾਟਕ ਦੇ ਅੰਗ ਦਿੰਦੀ ਹੈ : ਹਾਸਾ, ਰੋਣ, ਉਮੰਗਾਂ, ਅਥਰੂ ਖੂਨ, ਕਵੀ ਏਸ ਰੰਗੇ ਗੰਗੇ ਨੂੰ ਲੈ ਕੇ ਏਸ ਵਿਚੋਂ ਇਕ ਐਸਾ ਅਡੋਲ ਵਹਿੰਦਾ ਦੁਖਾਂਤ ਨਾਟਕ ਘੜਦਾ ਹੈ ਕਿ ਵੇਖਣ ਵਾਲਿਆਂ ਦੇ ਮਨ ਵਿਚ ਵਸ ਜਾਂਦਾ ਹੈ ਤੇ ਗ਼ਸ ਲੈਂਦਾ ਹੈ। ਸੋ ਜੇ ਸੁਚੱਜ ਏਸੇ ਨੂੰ ਕਹਿੰਦੇ ਹਨ ਤਾਂ ਪਿਆਰ ਕਰਨ ਦਾ ਵੀ ਸੁਚਜ ਹੈ। ਜਿਵੇਂ ਹੋਰ ਗਲਾਂ ਵਿਚ, ਤਿਵੇਂ ਪਿਆਰ ਵਿਚ ਵੀ, ਕੁਦਰਤ ਮੋਟੇ ਮੋਟੇ ਅੰਗ ਹੀ ਦਿੰਦੀ ਹੈ : ਉਹ ਮਨੁਖ ਜਾਤੀ ਵਿਚ ਨਰ ਨਾਰੀ ਦਾ ਭੇਦ ਪੈਂਦੀ ਹੈ, ਤੇ ਮਨੁਖ ਜਾਤੀ ਤੁਰਦੀ ਰਹਿਣ ਦੀ ਲੋੜ ਪੈਦਾ ਕਰਦੀ ਹੀ ਤੇ ਕਾਮ ਵਾਸ਼ਨਾ ਵੀ–ਜੋ ਕਿ ਏਸ ਲੋੜ ਨੂੰ ਪੂਰੀ ਕਰਨ ਤੇ ਨਰ ਨਾਰੀ ਦਾ ਮੇਲ ਕਰੌਣ ਵਾਲੀ ਬਿਰਤੀ ਹੈ। ਪਰ ਜੇ ਮਨੁਖਾਂ ਦਾ ਮਨ ਜੁਗਾਂ ਤੋਂ ਇਨ੍ਹਾਂ ਚੀਜਾਂ ਨੂੰ ਘੜਦਾ ਸਵਾਰਦਾ ਨਾ ਤਾਂ ਸਾਡੇ ਵੀ ਪਿਆਰ ਕੁੱਤਿਆਂ ਬਿੱਲਿਆਂ ਵਾਂਙ ਜਟਕੇ ਤੇ ਬੇਸੁਆਦੇ ਈ ਹੋਣੇ ਸਨ। ਜੇ ਅਸੀ ਪਸ਼ੂਆਂ ਦੀ ਕਾਮ ਪੂਰਤੀ ਵੇਖੀਏ ਤੇ ਫੇਰ ਇਕ ਚੰਗਾ ਪ੍ਰੇਮ ਪਤਰ ਪੜ੍ਹੀਏ ਤਾਂ ਸਾਨੂੰ ਪਤਾ ਲਗ ਜਾਏਗਾ ਕਿ ਪਿਆਰ ਵਿਚ ਕੁਦਰਤ ਦੇ ਸੁਚੱਜ ਕਿੱਨੇ ਅਡ ਅਡ ਹਨ।

ਬੜਾ ਚਿਰ ਹੋਇਆ ਮੈਂ ਲੰਡਨ ਵਿਚ ਇਕ ਬੁਢੇ ਸਜਨ ਦੀ ਗਲ ਸੁਣੀ। ਉਹ ਆਪਣੀ ਧੀ ਲਈ ਕੋਈ ਪੁਸਤਕ ਲੈਣ ਲੱਗਿਆਂ ਡਰਦੇ ਡਰਦੇ ਪੁਛਦਾ ਹੁੰਦਾ ਸੀ: "ਕਿਉਂ ਜੀ, ਏਹਦੇ ਵਿਚ ਕੋਈ ਕਾਮ ਵਾਲੀਆਂ ਗਲਾਂ ਤਾਂ ਨਹੀਂ ?" ਤੇ ਪੁਸਤਕ ਵੇਚਣ ਵਾਲੀ ਉਤਰ ਦਿੰਦੀ: "ਨਾ ਜੀ, ਇਹ ਤਾਂ ਇਕ ਪ੍ਰੇਮ ਕਹਾਣੀ ਹੈ।" ਸਾਰੇ ਲਤੀਫਿਆਂ ਵਾਂਗ ਏਸ ਵਿਚ ਵੀ ਬਹੁ-ਉਕਤੀ ਹੈ, ਪਰ ਏਸ ਵਿਚ ਇਕ ਡੂੰਘੀ ਸਚਾਈ ਵੀ ਹੈ। ਹਰ ਇਕ ਪ੍ਰੇਮ ਕਹਾਣੀ ਵਿਚ ਕਾਮ ਸੰਬੰਧੀ ਬੜਾ ਕੁਝ ਹੁੰਦਾ ਹੈ। ਪਰ ਇਹੋ ਹੀ ਤਾਂ ਮਨੁਖੀ ਪਿਆਰ ਦਾ ਕੌਤਕ ਹੈ ਕਿ ਉਹ ਇਕ ਲਾਲਸਾ ਤੋਂ-ਇਕ ਸਿਧੀ ਜਹੀ ਜਮਾਂਦਰੂ ਬਿਰਤੀ ਤੋਂ-ਭਾਵਾਂ ਦੇ ਬੜੇ ਸੋਹਣੇ ਤੇ ਬਹੁਰੰਗੇ ਮਹਿਲ ਉਸਾਰਦਾ ਹੈ।

ਲਾਲਸਾ ਆਈ ਗਈ ਹੁੰਦੀ ਹੈ। ਐਸੀ ਤਰਲ ਬਿਰਤੀ ਚੋਂ ਮਨੁਖ ਕਿਵੇਂ ਪਵਿਤ੍ਰ ਤੇ ਅਟਲ ਭਾਵ ਜਗਾ ਸਕੇ ਹਨ ? ਪਿਆਰ ਦਾ ਸੁਚੱਜ ਸਮਝਣ ਲਈ ਸਾਨੂੰ ਇਹ ਸਮਸਿਆ ਸਮਝਣੀ ਹੋਵੇਗੀ ਕਿ ਲਾਲਸਾ ਕਿਵੇਂ ਸ਼ੁੱਧ ਜਾਂ ਉਚੀਆਂ ਹੁੰਦੀਆਂ ਹਨ। ਪਰ ਏਸ ਤੋਂ ਪਹਿਲੋਂ ਸਾਨੂੰ ਕੁਝ ਮੁਢਲੇ ਸਵਾਲਾਂ ਦਾ ਉਤਰ ਦੇਣਾ ਪਵੇਗਾ।

ਭਾਵੇਂ ਸਾਡਾ ਵਾਹ ਹਜ਼ਾਰਾਂ ਨਰ ਨਾਰੀਆਂ ਨਾਲ ਪੈਂਦਾ ਹੈ ਪਰ ਅਸੀਂ ਖਾਸ ਇਕ ਨੂੰ ਹੀ ਲਭ ਕੇ ਸਾਰਾ ਧਿਆਨ ਓਸ ਵਲ ਹੀ ਲਾ ਦਿੰਦੇ ਹਾਂ, ਏਹ ਕਿਉਂ ? ਦੋ ਧਾਰਣਾਂ ਸਾਹਮਣੇ ਰਖੀਆਂ ਜਾ ਸਕਦੀਆਂ ਹਨ, ਤੇ ਦੋਵਾਂ ਵਿਚ ਕੁਝ ਨਾ ਕੁਝ ਸਚਾਈ ਹੈ।

ਪਹਿਲੀ ਧਾਰਣਾ ਏਹ ਹੈ ਕਿ ਜੀਵਣ ਦੇ ਕਿਸੇ ਵੇਲੇ, ਖਾਸ ਕਰ ਕਿਸ਼ੋਰ ਅਵਸਥਾ ਵਿਚ ਤੇ ਪੰਜਾਹ ਦੇ ਲਾਗੇ, ਸਾਡੀ ਤਬੀਅਤ ਪਿਆਰ ਕਰਨ ਤੇ ਔਂਦੀ ਹੈ। ਇਕ ਬੇਮਲੂਮੀ ਜਹੀ ਲਾਲਸਾ, ਹਾਲੀ ਉਡਦੀ ਉਡਦੀ ਹੀ, ਕੁਝ ਹੋਣ ਵਾਲੀ ਦਾ ਸੁਖ ਜਗੌਂਦੀ ਹੈ। ਐਸੇ ਸਮੇਂ ਇਕ ਗਭਰੂ ਆਪਣੇ ਆਪ ਨੂੰ ਆਪਣੀ ਮਨੋ-ਕਲਪਿਤ ਅਪਸਰਾ ਦੇ ਅਰਪਣ ਕਰ ਦੇਇਗਾ, ਮੁਟਿਆਰਾਂ ਨਾਵਲਾਂ ਦੇ ਨਟਾਂ, ਪ੍ਰਸਿਧ ਐਕਟਰਾਂ ਤੇ ਆਪਣੇ ਅੰਗ੍ਰੇਜ਼ੀ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਤੇ ਮਸਤ ਹੋ ਜਾਂਦੀਆਂ ਹਨ। ਜਵਾਨੀ ਜਹੀ ਪ੍ਰੇਮ ਖੁਮਾਰੀ ਹੋਰ ਕੋਈ ਨਹੀਂ। ਕਵੀ ਗੁਏਟੇ ਦਾ ਫ਼ੈਤਾਨ ਕਹਿੰਦਾ ਹੈ: "ਆਹ ਘੁਟ ਭਰ ਲੈ, ਤਾਂ ਤੈਨੂੰ ਸਭ ਇਸਤ੍ਰੀਆਂ ਪਦਮਨੀਆਂ ਹੀ ਦਿਸਣਗੀਆਂ।" ਜਦ ਤੁਹਾਡਾ ਸਰੀਰ ਕਿਸੇ ਹੋਣ

ਵਾਲੇ ਪ੍ਰੇਮੀ ਜਾਂ ਪ੍ਰੇਮਣ ਲਈ ਉਤਸੁਕ ਹੈ ਤਾਂ ਸ਼ੈਤ ਪਹਿਲੇ ਹੀ ਮਨ-ਚੇਂ ਜਣਾ, ਜੀਹਦੇ ਨਾਲ ਵਾਹ ਪਏ, ਓਹੋ ਪਿਆਰ ਜਗਾ ਦੇਵੇ।

ਮੇਲ ਦੇ ਮੌਕੇ ਦਾ ਵੀ ਏਹਦੇ ਵਿਚ ਚੋਖਾ ਹਥ ਹੈ। ਕਈ ਵੇਰ ਸ਼ਰਮਾਕਲ ਬੰਦੇ ਜੇਹੜੇ ਘਟ ਵਧ ਹੀ ਆਪਣਿਆਂ ਭਾਵਾਂ ਨੂੰ ਪਰਗਟ ਕਰਦੇ ਹਨ ਓਹ ਵੀ ਬਦੋ ਬਦੀ ਗੁੜ੍ਹੀਆਂ ਲਾ ਬੈਠਦੇ ਹਨ। ਫਰਾਂਸ ਦੀ ਕ੍ਰਾਂਤੀ ਦੇ ਦਿਨਾਂ ਵਿਚ ਕਈ ਕੈਦੀ ਇਸਤ੍ਰੀਆਂ, ਜਿਨ੍ਹਾਂ ਸ਼ਾਂਤੀ ਦੇ ਦਿਨਾਂ ਵਿਚ ਕੋਹਲੂ ਵੇਲਦ ਮਈ ਘਰ ਵਾਲੀ ਦੀ ਹਾਲਤ ਵਿਚ ਹੀ ਸੰਤੁਸ਼ਟ ਰਹਿਣਾ ਸੀ, ਓਹਨਾਂ ਵਿਚ ਵੀ ਅਜਬ ਪ੍ਰੇਮ ਭਾਵਨਾਂ ਵੇਖਣ ਵਿਚ ਆਈਆਂ। ਨਾਰੀ ਦੀਆਂ ਅਖਾਂ ਵਿਚ ਇਕ ਆਦਮੀ ਦਾ ਨਾਂ ਅਰ ਸੋਭਾ ਓਸਨੂੰ ਐਸੇ ਪਰਕਾਸ਼ ਵਿਚ ਵਲ੍ਹੇਟ ਦਿੰਦੇ ਹਨ ਕਿ ਓਹਦੇ ਔਗੁਣ ਵੀ ਲੁਕ ਜਾਂਦੇ ਹਨ। ਕਿਸੇ ਉਡਾਰੂ, ਐਕਟਰ, ਫੁਟਬਾਲ ਦਾ ਖਿਡਾਰੀ ਜਾਂ ਸੋਹਣੇ ਵਖਿਆਨ ਦੇਣ ਵਾਲੇ ਦੀਆਂ ਜਿਤਾਂ ਹੀ ਕਈ ਵੇਰ ਕਿਸੇ ਪ੍ਰੇਮ ਦਾ ਮੁਢ ਬਨ੍ਹ ਦਿੰਦੀਆਂ ਹਨ। ਕਈ ਵੇਰ ਦੈਵ-ਯੋਗ ਨਾਲ ਹੀ ਮਨ ਦੀ ਤੇ ਭਾਵਾਂ ਦੀ ਇਕ-ਸੁਰਤਾ ਦਾ ਭੁਲੇਖਾ ਪੈ ਜਾਂਦਾ ਹੈ। ਅਚਾਨਕ ਕਿਸੇ ਤੀਜੇ ਜਣੇ ਦੀ ਕਿਸੇ ਗਲ ਤੇ ਦੋ ਜਣਿਆਂ ਦੀਆਂ ਅਖਾਂ ਮਿਲ ਜਾਂਦੀਆਂ ਹਨ ਤੇ ਇਕੋ ਹੀ ਭਾਵ ਦਸਦੀਆਂ ਹਨ। ਮੋਟਰ ਤੇ ਹਿਜੋਕਾ ਵਜਦਾ ਹੈ, ਦੋ ਹਥ ਮਿਲਦੇ ਹਨ ਤੇ ਅਕਾਰਣ ਮਿਲੇ ਹੀ ਰਹਿੰਦੇ ਹਨ। ਬਸ ਏਹ ਕਾਫੀ ਹੈ। ਦੋ ਪ੍ਰੇਮੀਆਂ ਦਾ ਮੇਲ, ਸਮਾਨ ਸੁਭਾ ਨੇ ਨਹੀਂ, ਮੌਕਿਆ ਨੇ ਕਰਾ ਦਿਤਾ।

ਏਸ ਤੋਂ ਉਲਟ ਧਾਰਣਾ ਹੈ ਕਿ "ਬਿਜਲੀ ਦਾ ਲੰਘ ਜਾਣਾ" ਜਾਂ ਪਹਿਲੇ ਕਟਾਛ ਤੇ ਹੀ ਪ੍ਰੇਮ-ਫਟੜ ਹੋਣਾ ਭਾਗਾਂ ਦੀ ਗਲ ਹੈ। ਇਕ ਯਵਨ ਪੁਰਾਣ ਕਥਾ ਅਨੁਸਾਰ ਪਹਿਲੇ ਪਹਿਲ ਮਨੁਖ ਇਕੋ ਸਰੀਰ ਵਿਚ ਨਰ ਨਾਰੀ ਜੁੜੇ ਹੁੰਦੇ ਸਨ, ਕਿਸੇ ਦੇਵਤੇ ਨੇ ਹਰ ਮਨੁਖ ਨੂੰ ਦੁਫ਼ਾੜ ਕਰ ਦਿਤਾ ਤੇ ਇਹ ਵਿਛੜੇ ਅਰਧ-ਸਰੀਰ ਸਦਾ ਇਕ ਦੂਜੇ ਦੀ ਭਾਲ ਵਿਚ ਹਨ। ਜਦ ਭਾਗਾਂ ਵਿਚ ਲਿਖੀ ਜੋੜੀ ਦੇ ਦੋ ਹਿਸੇ ਮਿਲਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਸਬੰਧ ਦਾ ਪਤਾ ਇਕ ਜ਼ਬਰਦਸਤ ਤੇ ਅਨੰਦਮਈ ਘਸਰ--"ਬਿਜਲੀ ਦੇ ਲੰਘ ਜਾਣ"--ਤੋਂ ਲਗ ਜਾਂਦਾ ਹੈ। ਅਸੀ ਸਾਰੇ ਹੀ "ਓਸ ਸੁੰਦਰ ਰੂਪ ਦੀ ਅਸਲ ਤਸਵੀਰ ਆਪਣੇ ਅੰਦਰ ਲਈ ਫਿਰਦੇ ਹਾਂ ਜਿਸਦੀ ਨਕਲ ਅਸੀਂ ਸਾਰੀ ਦੁਨੀਆਂ ਤੇ ਲਭਦੇ ਫਿਰਦੇ ਹਾਂ ! ਤੇ ਜੇ ਸਾਨੂੰ ਸਾਡੀ ਕਿਸ਼ੋਰ ਉਮਰ ਦੇ ਅਪਸਰਾਂ ਰੂਪ ਦੀ ਸੁੰਦਰਤਾ ਵਾਲਾ ਸਚਮੁਚ ਕੋਈ ਜਣਾ ਮਿਲ ਪਏ ਤਾਂ ਅਸੀ ਧਨ ! ਧਨ ! ਕਹਿ ਉਠਦੇ ਹਾਂ।

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.